# ਬੱਚਾ ਗੋਦ ਲੈਣ ਬਾਰੇ ਵਿਚਾਰ ਕਰਨਾ

## ਬੱਚਾ ਗੋਦ ਲੈਣਾ ਕੀ ਹੁੰਦਾ ਹੈ?

- ਬੱਚਿਆਂ ਨੂੰ ਇੱਕ ਸਨੇਹੀ ਅਤੇ ਸਥਾਈ ਘਰ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਮਾਪਿਆਂ ਦੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਨੂੰ ਇੱਕ ਸਨੇਹੀ ਅਤੇ ਪਰਵਰਿਸ਼ ਦਾ ਮਾਹੌਲ ਪ੍ਰਦਾਨ ਕਰਨ। ਬੱਚਾ ਗੋਦ ਲੈਣ ਦੀ ਸੇਵਾ ਦਾ ਮਕਸਦ ਉਨ੍ਹਾਂ ਬੱਚਿਆਂ ਲਈ ਸਥਾਈ ਅਤੇ ਮੁਨਾਸਬ ਘਰ ਲੱਭਣਾ ਹੈ ਜਿਨ੍ਹਾਂ ਦੇ ਮਾਪੇ ਉਨ੍ਹਾਂ ਦੀ ਦੇਖਭਾਲ ਕਰਨ ਵਿੱਚ ਅਸਮਰੱਥ ਹਨ ਜਾਂ ਉਸ ਲਈ ਤਿਆਰ ਨਹੀਂ ਹਨ।
- ਬੱਚਾ ਗੋਦ ਲੈਣਾ, ਗੋਦ ਲੈਣ ਵਾਲੇ ਹਰ ਵਿਅਕਤੀ ਲਈ ਜ਼ਿੰਦਗੀ ਭਰ ਦੀ ਵਚਨਬੱਧਤਾ ਹੈ। ਅਸੀਂ ਬੱਚਿਆਂ ਦੇ ਸਰਬੋਤਮ ਹਿੱਤ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੰਦੇ ਹਾਂ।

## ਕਿਹੜੇ ਬੱਚੇ ਗੋਦ ਲੈਣ ਦੇ ਯੋਗ ਹਨ?

- ਇੱਕ ਬੱਚਾ ਜਿਸਨੂੰ ਬੱਚਾ ਗੋਦ ਲੈਣ ਦੀ ਆਰਡੀਨੈਂਸ* ਦੇ ਤਹਿਤ ਗੋਦ ਲਿਆ ਜਾ ਸਕਦਾ ਹੈ, ਉਸਦੀ ਉਮਰ 18 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਉਹ ਸ਼ਾਦੀਸ਼ੁਦਾ ਨਹੀਂ ਹੋਣਾ ਚਾਹੀਦਾ।
- ਅਸਲ ਵਿੱਚ, ਜਿਨ੍ਹਾਂ ਬੱਚਿਆਂ ਨੂੰ ਗੋਦ ਲੈਣ ਦੀ ਜ਼ਰੂਰਤ ਪੈ ਸਕਦੀ ਹੈ, ਉਹ ਅਜਿਹੇ ਬੱਚੇ ਹੁੰਦੇ ਹਨ ਜੋ ਵੱਖੋ-ਵੱਖ ਹਾਲਾਤਾਂ ਹੇਠ, ਆਪਣੇ ਜਨਮ ਦੇ ਪਰਿਵਾਰਾਂ ਵਿੱਚ ਨਹੀਂ ਰਹਿ ਸਕਦੇ, ਜਿਵੇਂ ਛੱਡਿਆ ਜਾਣਾ ਜਾਂ ਜਿਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ 'ਤੇ ਮਾਪਿਆਂ ਦੇ ਅਧਿਕਾਰ ਛੱਡ ਦਿੱਤੇ ਹਨ। ਇਨ੍ਹਾਂ ਬੱਚਿਆਂ ਦਾ ਪਰਿਵਾਰਿਕ ਪਿਛੋਕੜ ਜਟਿਲ ਹੋ ਸਕਦਾ ਹੈ। ਉਨ੍ਹਾਂ ਨੂੰ ਵੀ ਪਰਿਵਾਰਿਕ ਜੀਵਨ ਦਾ ਅਨੰਦ ਲੈਣ ਅਤੇ ਇੱਕ ਪਿਆਰ ਭਰੇ ਅਤੇ ਸਥਾਈ ਮਾਹੌਲ ਵਿੱਚ ਵੱਡੇ ਹੋਣ ਦੀ ਸਮਾਨ ਜ਼ਰੂਰਤ ਹੁੰਦੀ ਹੈ।
- ਗੋਦ ਲੈਣ ਲਈ ਉਪਲਬਧ ਬੱਚਿਆਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਸਮਾਜਕ ਭਲਾਈ ਵਿਭਾਗ ਦੀ ਵੈੱਬਸਾਈਟ www.swd.gov.hk/en/index/site_pubsvc/page_family/sub_listofserv/id_adoptionse/ 'ਤੇ ਜਾਓ।

## ਬੱਚਾ ਗੋਦ ਲੈਣ ਲਈ ਅਰਜ਼ੀ ਦੇਣ ਤੋਂ ਪਹਿਲਾਂ ਕਿਸ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ?

ਬੱਚਾ ਗੋਦ ਲੈਣਾ ਜ਼ਿੰਦਗੀ ਭਰ ਦੀ ਵਚਨਬੱਧਤਾ ਹੈ ਜੋ ਗੋਦ ਲੈਣ ਵਾਲੇ ਮਾਪਿਆਂ ਨੂੰ ਆਪਣੇ ਪਰਿਵਾਰ ਦਾ ਵਿਸਤਾਰ ਕਰਨ ਅਤੇ ਇੱਕ ਸਨੇਹੀ ਘਰ ਦੀ ਜ਼ਰੂਰਤ ਵਾਲੇ ਬੱਚਿਆਂ ਦੀ ਪਰਵਰਿਸ਼ ਕਰਨ ਦੀ ਖੁਸ਼ੀ ਦਿੰਦੀ ਹੈ। ਇੱਥੇ ਕੁਝ ਬਿੰਦੂ ਦਿੱਤੇ ਗਏ ਹਨ, ਬੱਚਾ ਗੋਦ ਲੈਣ ਲਈ ਕਦਮ ਚੁੱਕਣ ਤੋਂ ਪਹਿਲਾਂ ਜਿਨ੍ਹਾਂ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ:

- ਕੀ ਤੁਹਾਡੀ ਉਮਰ 25 ਸਾਲ ਹੈ ਅਤੇ, ਜੇਕਰ ਤੁਸੀਂ ਸ਼ਾਦੀਸ਼ੁਦਾ ਹੋ ਤਾਂ; ਕੀ ਤੁਹਾਡੇ ਪਤੀ/ਪਤਨੀ ਦੀ ਉਮਰ 21 ਸਾਲ ਹੈ ਜੋ ਕਿ ਬੱਚਾ ਗੋਦ ਲੈਣ ਦੀ ਆਰਡੀਨੈਂਸ ਦੁਆਰਾ ਲੋੜੀਂਦਾ ਹੈ? ਕੀ ਆਪਣੇ ਪਤੀ/ਪਤਨੀ ਨਾਲ ਤੁਹਾਡਾ ਰਿਸ਼ਤਾ ਸਥਿਰ ਹੈ (ਘੱਟੋ-ਘੱਟ ਤਿੰਨ ਸਾਲਾਂ ਤੋਂ ਸ਼ਾਦੀਸ਼ੁਦਾ ਹੋਣਾ)?
- ਕੀ ਤੁਸੀਂ ਬੱਚੇ ਨੂੰ ਗੋਦ ਲੈਣ ਅਤੇ ਉਸਦੀ ਪਰਵਰਿਸ਼ ਕਰਨ ਲਈ ਜ਼ਿੰਦਗੀ ਭਰ ਦੀ ਵਚਨਬੱਧਤਾ ਲਈ ਤਿਆਰ ਹੋ?
- ਜਦੋਂ ਤੱਕ ਬੱਚਾ ਖੁਦਮੁਖਤਿਆਰ ਨਹੀਂ ਹੁੰਦਾ, ਕੀ ਉਦੋਂ ਤੱਕ ਉਸਦੀ ਦੇਖਭਾਲ ਕਰਨ ਲਈ ਤੁਹਾਡੀ ਸਰੀਰਕ ਅਤੇ ਮਾਨਸਿਕ ਸਿਹਤ ਚੰਗੀ ਹੈ?
- ਕੀ ਤੁਸੀਂ ਵਿਕਾਸ ਦੇ ਵੱਖੋ-ਵੱਖ ਪੜਾਵਾਂ 'ਤੇ ਬੱਚੇ ਨੂੰ ਮਾਰਗ ਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਵਾਜਬ ਢੰਗ ਨਾਲ ਪੜ੍ਹੇ-ਲਿਖੇ ਹੋ, ਤਰਜੀਹੀ ਤੌਰ 'ਤੇ ਸੈਕੰਡਰੀ ਸਿੱਖਿਆ ਪੂਰੀ ਕੀਤੀ ਹੋਵੇ?
- ਕੀ ਤੁਸੀਂ ਵਿੱਤੀ ਯੋਗਤਾ ਦੇ ਨਾਲ ਸਥਿਰ ਰੁਜ਼ਗਾਰ ਵਿੱਚ ਹੋ ਅਤੇ ਬੱਚੇ ਲਈ ਸਥਿਰ ਰਿਹਾਇਸ਼ ਪ੍ਰਦਾਨ ਕਰਨ ਦੇ ਯੋਗ ਹੋ?
- ਕੀ ਤੁਸੀਂ 12 ਮਹੀਨਿਆਂ ਜਾਂ ਉਸ ਤੋਂ ਵੱਧ ਸਮੇਂ ਤੋਂ ਹਾਂਗ ਕਾਂਗ ਵਿੱਚ ਹੋ ਤਾਂ ਜੋ ਤੁਸੀਂ ਸਮਾਜਕ ਮਾਹੌਲ ਅਤੇ ਕਮਿਊਨਿਟੀ ਵਸੀਲਿਆਂ ਬਾਰੇ ਜਾਣ ਸਕੋ, ਅਤੇ ਕੀ ਤੁਸੀਂ ਬੱਚਾ ਗੋਦ ਲੈਣ ਦੀ ਪਰਕਿਰਿਆ ਨੂੰ ਪੂਰਾ ਕਰਨ ਲਈ ਲਗਾਤਾਰ 12 ਮਹੀਨਿਆਂ ਜਾਂ ਉਸ ਤੋਂ ਵੱਧ ਸਮੇਂ ਤੱਕ ਇੱਥੇ

ਰਹਿ ਸਕਦੇ ਹੋ?

**ਬੱਚਾ ਗੋਦ ਲੈਣ ਦਾ ਇੰਤਜ਼ਾਮ ਕੌਣ ਕਰ ਸਕਦਾ ਹੈ ਅਤੇ ਬੱਚੇ ਨੂੰ ਗੋਦ ਲੈਣ ਲਈ ਉਪਲਬਧ ਕਰਾ ਸਕਦਾ ਹੈ?**

- ਬੱਚਾ ਗੋਦ ਲੈਣ ਦੀ ਆਰਡੀਨੈਂਸ ਦੇ ਮੁਤਾਬਕ, ਸਿਰਫ਼ (a) ਸਮਾਜਕ ਭਲਾਈ ਦੇ ਡਾਇਰੈਕਟਰ; (b) ਕੋਈ ਮਾਨਤਾ ਪ੍ਰਾਪਤ ਸੰਸਥਾ ਜੋ ਆਪਣੀ ਮਾਨਤਾ ਦੇ ਤਹਿਤ ਅਤੇ ਉਸਦੇ ਮੁਤਾਬਕ ਕੰਮ ਕਰਦੀ ਹੈ; ਜਾਂ (c) ਅਦਾਲਤ ਦੇ ਕਿਸੇ ਆਦੇਸ਼ ਦੀ ਪਾਲਣਾ ਕਰਨ ਵਾਲਾ ਵਿਅਕਤੀ, ਹੀ ਅਸੰਬੰਧਿਤ ਬੱਚਾ ਗੋਦ ਲੈਣ ਲਈ ਅਰਜ਼ੀਆਂ ਨਾਲ ਨਜਿੱਠ ਸਕਦਾ ਹੈ ਅਤੇ ਕਿਸੇ ਬੱਚੇ ਨੂੰ ਗੋਦ ਲੈਣ ਦਾ ਇੰਤਜ਼ਾਮ ਕਰ ਸਕਦਾ ਹੈ।
- ਉੱਪਰ ਦੱਸੇ ਵਿਅਕਤੀਆਂ ਤੋਂ ਇਲਾਵਾ ਹੋਰ ਕੋਈ ਵੀ ਵਿਅਕਤੀ ਬੱਚਾ ਗੋਦ ਲੈਣ ਦਾ ਇੰਤਜ਼ਾਮ ਨਹੀਂ ਕਰੇਗਾ ਜਾਂ ਕਿਸੇ ਬੱਚੇ ਨੂੰ ਅਸੰਬੰਧਿਤ ਵਿਅਕਤੀ(ਆਂ) ਦੁਆਰਾ ਗੋਦ ਲੈਣ ਲਈ ਉਪਲਬਧ ਨਹੀਂ ਕਰਾਏਗਾ। ਢੁੱਕਵੇਂ ਇੰਤਜ਼ਾਮਾਂ ਦੀ ਉਲੰਘਣਾ ਕਰਨ ਵਾਲਾ ਵਿਅਕਤੀ ਅਪਰਾਧ ਲਈ ਦੋਸ਼ੀ ਹੋਵੇਗਾ ਅਤੇ ਉਸ 'ਤੇ ਜੁਰਮਾਨਾ ਲਗਾਇਆ ਜਾਵੇਗਾ ਅਤੇ ਉਸਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ।

**ਬੱਚਾ ਗੋਦ ਲੈਣ ਲਈ ਅਰਜ਼ੀ ਦੇਣ ਦੀਆਂ ਪਰਕਿਰਿਆਵਾਂ ਕੀ ਹਨ?**

1. ਬਿਨੈਕਾਰਾਂ ਨੂੰ ਬੱਚਾ ਗੋਦ ਲੈਣ ਦੇ ਬ੍ਰੀਫਿੰਗ ਸੈਸ਼ਨ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ ਕਰਨ ਲਈ ਸਮਾਜਕ ਭਲਾਈ ਵਿਭਾਗ ਦੇ ਅਡਾਪਸ਼ਨ ਯੂਨਿਟ ਨਾਲ ਸੰਪਰਕ ਕਰਨਾ ਪਵੇਗਾ।
2. ਬਿਨੈਕਾਰਾਂ ਨੂੰ ਗੋਦ ਲੈਣ ਵਾਲੇ ਮਾਪੇ ਬਣਨ ਲਈ ਉਨ੍ਹਾਂ ਦੀ ਯੋਗਤਾ ਦਾ ਮੁਲਾਂਕਣ ਕਰਨ ਲਈ ਇੱਕ ਸੰਪੂਰਨ ਘਰੇਲੂ ਅਧਿਐਨ ਕਰਨਾ ਪਵੇਗਾ। ਇਸ ਮੁਲਾਂਕਣ ਵਿੱਚ ਵੱਖੋ-ਵੱਖ ਕਿਸਮ ਦੇ ਖੇਤਰ ਸ਼ਾਮਲ ਹਨ ਜਿਨ੍ਹਾਂ ਵਿੱਚ ਬਿਨੈਕਾਰਾਂ ਦੀਆਂ ਸ਼ਖਸੀਅਤਾਂ, ਦਿਲਚਸਪੀਆਂ, ਸ਼ੁਰੂਆਤੀ ਜ਼ਿੰਦਗੀ ਦੇ ਤਜਰਬੇ, ਨਜਿੱਠਣ ਦੀਆਂ ਕਾਬਲੀਅਤਾਂ, ਵਿਵਾਹਿਕ ਸਥਿਰਤਾ, ਪਰਵਰਿਸ਼ ਸੰਬੰਧੀ ਰਵੱਈਏ ਅਤੇ ਸਮਰੱਥਾਵਾਂ, ਬੱਚਾ ਗੋਦ ਲੈਣ ਲਈ ਪ੍ਰੇਰਣਾ, ਗੋਦ ਲਏ ਜਾਣ ਵਾਲੇ ਬੱਚਿਆਂ ਦੀਆਂ ਵਿਕਾਸ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰਨਾ, ਆਦਿ ਸ਼ਮਾਲ ਹਨ ਪਰ ਇਨ੍ਹਾਂ ਤੱਕ ਸੀਮਿਤ ਨਹੀਂ ਹਨ।
3. ਬਿਨੈਕਾਰਾਂ ਨੂੰ ਦੋ ਅਡਾਪਸ਼ਨ ਟ੍ਰੇਨਿੰਗ ਵਰਕਸ਼ਾਪਾਂ ਵਿੱਚ ਹਿੱਸਾ ਲੈਣਾ ਪਵੇਗਾ ਅਤੇ ਘਰੇਲੂ ਅਧਿਐਨ ਪੂਰਾ ਹੋਣ ਤੋਂ ਪਹਿਲਾਂ ਡਾਕਟਰੀ ਜਾਂਚ ਅਤੇ ਅਪਰਾਧਿਕ ਰਿਕਾਰਡ ਦੀ ਲਾਜ਼ਮੀ ਜਾਂਚ ਕਰਵਾਉਣੀ ਪਵੇਗੀ।
4. ਬਿਨੈਕਾਰਾਂ ਨੂੰ ਕਿਸੇ ਪ੍ਰਸਤਾਵਿਤ ਮੇਲ ਲਈ ਧੀਰਜ ਨਾਲ ਉਡੀਕ ਕਰਨ ਦੀ ਲੋੜ ਹੋ ਸਕਦੀ ਹੈ।
5. ਬਿਨੈਕਾਰਾਂ ਨੂੰ ਬੱਚਾ ਗੋਦ ਲੈਣ ਦੀ ਆਰਡੀਨੈਂਸ ਦੇ ਮੁਤਾਬਕ ਕਨੂੰਨੀ ਕਾਰਵਾਈ ਪੂਰੀ ਕਰਨੀ ਪਵੇਗੀ। ਬੱਚਾ ਗੋਦ ਲੈਣ ਦਾ ਆਦੇਸ਼ ਦੇਣ ਤੋਂ ਪਹਿਲਾਂ ਅਦਾਲਤ ਇਹ ਯਕੀਨੀ ਬਣਾਉਣ ਲਈ ਹਰ ਅਰਜ਼ੀ ਦੀ ਜਾਂਚ ਕਰੇਗੀ ਕਿ ਗੋਦ ਲੈਣਾ ਬੱਚੇ ਦੇ ਸਰਬੋਤਮ ਹਿੱਤ ਵਿੱਚ ਹੈ।

**ਫੀਸ ਲੈਣਾ**

- ਸਮਾਜਕ ਭਲਾਈ ਵਿਭਾਗ ਦੇ ਅਡਾਪਸ਼ਨ ਯੂਨਿਟ ਦੁਆਰਾ ਕੀਤਾ ਜਾਣ ਵਾਲਾ ਘਰੇਲੂ ਅਧਿਐਨ ਮੁਫ਼ਤ ਹੈ।
- ਬੱਚਾ ਗੋਦ ਲੈਣ ਲਈ ਅਰਜ਼ੀ ਵਿੱਚ ਗੋਦ ਲਏ ਜਾਣ ਵਾਲੇ ਬੱਚੇ ਲਈ ਸਮਾਜਕ ਭਲਾਈ ਦੇ ਡਾਇਰੈਕਟਰ ਨੂੰ ਸਰਪ੍ਰਸਤ ਦੇ ਤੌਰ 'ਤੇ ਨਿਯੁਕਤ ਕਰਨ ਦੇ ਮਾਮਲਿਆਂ ਵਿੱਚ, ਹਰ ਬੱਚੇ ਲਈ HK$4,670** ਦਾ ਭੁਗਤਾਨ ਲਿਆ ਜਾਵੇਗਾ।

**ਸੇਵਾ ਤੋਂ ਬਾਹਰ ਜਾਣਾ**

ਬਿਨੈਕਾਰ ਉਦੋਂ ਬੱਚਾ ਗੋਦ ਲੈਣ ਦੀ ਸੇਵਾ ਤੋਂ ਬਾਹਰ ਜਾਣਗੇ ਜਦੋਂ:

- ਉਹ ਬੱਚਾ ਗੋਦ ਲੈਣ ਦੇ ਆਦੇਸ਼ ਸਮੇਤ ਬੱਚਾ ਗੋਦ ਲੈਣ ਦੀਆਂ ਸਾਰੀਆਂ ਜ਼ਰੂਰੀ ਪਰਕਿਰਿਆਵਾਂ ਨੂੰ ਪੂਰਾ ਕਰ ਚੁੱਕੇ ਹੋਣਗੇ ਅਤੇ ਉਨ੍ਹਾਂ ਨੂੰ ਅਡਾਪਸ਼ਨ ਯੂਨਿਟ ਵੱਲੋਂ ਕਿਸੇ ਹੋਰ ਸੇਵਾ ਦੀ ਲੋੜ ਨਹੀਂ ਹੈ, ਜਾਂ
- ਉਹ ਬੱਚਾ ਗੋਦ ਲੈਣ ਦੀਆਂ ਪਰਕਿਰਿਆਵਾਂ ਨੂੰ ਖ਼ਤਮ ਕਰਨ ਦਾ ਫੈਸਲਾ ਕਰਦੇ ਹਨ, ਜਾਂ
- ਉਹ ਬੱਚਾ ਗੋਦ ਲੈਣ ਦੇ ਯੋਗ ਨਹੀਂ ਪਾਏ ਜਾਂਦੇ।

ਜੇਕਰ ਤੁਸੀਂ ਬੱਚਿਆਂ ਨੂੰ ਗੋਦ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਮਾਜਕ ਭਲਾਈ ਵਿਭਾਗ ਦੇ ਅਡਾਪਸ਼ਨ ਯੂਨਿਟ ਨਾਲ ਇੱਥੇ ਸੰਪਰਕ ਕਰੋ:

ਫ਼ੋਨ : 3595 1935

ਫ਼ੈਕਸ : 3595 0025

ਈਮੇਲ : auenq@swd.gov.hk

ਡਾਕ ਪਤਾ : Adoption Unit, Social Welfare Department, Room 201, 2/F., North Point Government Offices, 333 Java Road, North Point, Hong Kong

* HKSAR ਵਿੱਚ ਬੱਚੇ ਨੂੰ ਗੋਦ ਲੈਣਾ, ਬੱਚਾ ਗੋਦ ਲੈਣ ਦੀ ਆਰਡੀਨੈਂਸ ਕੈਪ 290 ਦੇ ਅਨੁਸਾਰ ਲਾਗੂ ਹੋਣਾ ਚਾਹੀਦਾ ਹੈ।

** ਭੁਗਤਾਨ ਨਿਯਮਤ ਸੋਧ ਦੇ ਅਧੀਨ ਹੋਵੇਗਾ

ਅਗਸਤ 2026